BRITISH COLUMBIA | HealthLinkBC

Punjabi - Number 50f
June 2023

# ਬੀ.ਸੀ. ਵਿੱਚ ਗਰੇਡ 6 ਵਿੱਚ ਇਮਿਊਨਾਈਜ਼ੇਸ਼ਨਜ਼

## Grade 6 Immunizations in B.C.

ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜ਼ਿਆਦਾ ਜਾਨਾਂ ਬਚਾਈਆਂ ਹਨ। ਵੈਕਸੀਨਾਂ ਤੁਹਾਡੇ ਬੱਚੇ ਦੀ ਬਹੁਤ ਸਾਰੀਆਂ ਬਿਮਾਰੀਆਂ ਅਤੇ ਉਨ੍ਹਾਂ ਦੀਆਂ ਜਟਿਲਤਾਵਾਂ ਵਿਰੁੱਧ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹਨ।ਜਦੋਂ ਤੁਸੀਂ ਆਪਣੇ ਬੱਚੇ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਟੀਕੇ ਲਗਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰਦੇ ਹੋ।

ਹਿਯੂਮਨ ਪੈਪੀਲੋਮਾਵਾਇਰਸ (ਐਚ ਪੀ ਵੀ) (human papillomavirus-HPV) ਵੈਕਸੀਨਾਂ ਗਰੇਡ 6 ਵਿਚਲੇ ਸਾਰੇ ਵਿਦਿਆਰਥੀਆਂ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ। ਇਹ ਵੈਕਸੀਨ੍ਹ ਫੜ ਕਾਰਨ ਹੋਣ ਵਾਲੇ ਵੱਖ-ਵੱਖ ਕੈਂਸਰਾਂ ਤੋਂ ਬਚਾਅ ਕਰਦੀ ਦਿਖਾਈ ਗਈ ਹੈ।ਤੁਹਾਡੇ ਬੱਚੇ ਨੂੰ ਹੋਰ ਵੈਕਸੀਨਾਂ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ ਜੇਕਰ ਉਹਨਾਂ ਨੂੰ ਸਿਫ਼ਾਰਸ਼ ਕੀਤੇ ਬਚਪਨ ਦੀਆਂ ਵੈਕਸੀਨਾਂ ਦੀਆਂ ਸਾਰੀਆਂ ਖੁਰਾਕਾਂ ਨਹੀਂ ਲੱਗੀਆਂ ਹਨ ਜਿਹਨਾਂ ਲਈ ਉਹ ਯੋਗ ਹਨ। ਬੀ.ਸੀ. ਵਿੱਚ ਸਿਫ਼ਾਰਸ਼ ਕੀਤੀਆਂ ਬਚਪਨ ਦੀਆਂ ਵੈਕਸੀਨਾਂ ਬਾਰੇ ਹੋਰ ਜਾਣਕਾਰੀ ਲਈ, www.healthlinkbc.ca/bc-immunization-schedules 'ਤੇ ਬੀ.ਸੀ. ਦੀਆਂ ਟੀਕਾਕਰਨ ਦੀਆਂ ਸਮਾਂ-ਸਾਰਣੀਆਂ ਦੇਖੋ।

ਤੁਹਾਡੇ ਬੱਚੇ ਦੁਆਰਾ ਬਿਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈਜੇਕਰ ਤੁਹਾਡੇ ਬੱਚੇ ਨੂੰ ਬੀ.ਸੀ. ਤੋਂ ਬਾਹਰ ਕੋਈ ਵੀ ਵੈਕਸੀਨ ਲੱਗੀ ਹੈ, ਤਾਂ ਤੁਸੀਂ ਉਹਨਾਂ ਦੇ ਵੈਕਸੀਨ ਰਿਕਾਰਡ ਨੂੰ ਇੱਥੇ ਅੱਪਡੇਟ ਕਰ ਸਕਦੇ ਹੋ www.immunizationrecord.gov.bc.ca.

### ਐਚ ਪੀ ਵੀ (HPV) ਵੈਕਸੀਨ ਕੀ ਹੈ?

ਐਚਪੀਵੀ ਵੈਕਸੀਨ 9 ਕਿਸਮਾਂ ਦੇ ਐਚਪੀਵੀ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ ਜੋ ਵੱਖ-ਵੱਖ ਕੈਂਸਰਾਂ ਅਤੇ ਜਣਨ ਅੰਗਾਂ ਦੇ ਮੱਸਿਆਂ ਦਾ ਕਾਰਨ ਬਣਦੇ ਹਨ। ਇਹ 7 ਕਿਸਮਾਂ ਦੇ ਐਚਪੀਵੀ ਤੋਂ ਬਚਾਉਂਦੀ ਹੈ ਜੋ ਲਗਭਗ 90 ਪ੍ਰਤੀਸ਼ਤ ਸਰਵਿਕਲ ਕੈਂਸਰ ਅਤੇ ਕਈ ਹੋਰ ਕੈਂਸਰਾਂ ਜਿਵੇਂ ਕਿ ਯੋਨੀ, ਵੁਲਵਾ, ਗੁਦਾ, ਲਿੰਗ, ਮੂੰਹ ਅਤੇ ਗਲੇ ਦੇ ਕੈਂਸਰਾਂ ਦਾ ਕਾਰਨ ਬਣਦੇ ਹਨ। ਇਹ 2 ਕਿਸਮਾਂ ਦੇ ਐਚਪੀਵੀ ਤੋਂ ਵੀ ਬਚਾਉਂਦਾ ਹੈ ਜੋ ਜਣਨ ਅੰਗਾਂ ਦੇ 90 ਪ੍ਰਤੀਸ਼ਤ ਮਾਮਲਿਆਂ ਦਾ ਕਾਰਨ ਬਣਦੇ ਹਨ। ਵੈਕਸੀਨ ਘੱਟੋ-ਘੱਟ 6 ਮਹੀਨਿਆਂ ਦੇ ਅੰਤਰਾਲ 'ਤੇ 2 ਖੁਰਾਕਾਂ ਵਜੋਂ ਮੁਹੱਈਆ ਕੀਤੀ ਜਾਂਦੀ ਹੈ। ਕਮਜ਼ੋਰ ਇਮਿਊਨ ਸਿਸਟਮ ਵਾਲੇ ਬੱਚਿਆਂ ਨੂੰ ਵੈਕਸੀਨ ਦੀਆਂ 3 ਖੁਰਾਕਾਂ ਦੀ ਲੋੜ ਹੁੰਦੀ ਹੈ। ਵਧੇਰੇ ਜਾਣਕਾਰੀ ਲਈ, HealthLinkBC File #101b ਹਿਯੂਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵੈਕਸੀਨਾਂ ਦੇਖੋ।

### ਐਚਪੀਵੀ ਵੈਕਸੀਨ ਗ੍ਰੇਡ 6 ਵਿੱਚ ਕਿਉਂ ਦਿੱਤੀ ਜਾਂਦੀ ਹੈ?

ਐਚਪੀਵੀ ਵੈਕਸੀਨ ਗ੍ਰੇਡ 6 ਵਿੱਚ ਦਿੱਤੀ ਜਾਂਦੀ ਹੈ ਕਿਉਂਕਿ:

- ਵੈਕਸੀਨ ਛੋਟੀ ਉਮਰ ਵਿੱਚ ਬਿਹਤਰ ਕੰਮ ਕਰਦੀ ਹੈ। ਵੱਡੀ ਉਮਰ ਦੇ ਕਿਸ਼ੋਰ ਜਾਂ ਬਾਲਗਾਂ ਨਾਲੋਂ ਪ੍ਰੀਟੀਨਜ਼ ਵੈਕਸੀਨ ਲੈਣ ਤੋਂ ਬਾਅਦ ਵਧੇਰੇ ਐਂਟੀਬਾਡੀਜ਼ ਬਣਾਉਂਦੇ ਹਨ। ਇਹ੍ਹ ਫੜ ਦੇ ਵਿਰੁੱਧ ਲੰਬੇ ਸਮੇਂ ਤੱਕ ਸੁਰੱਖਿਆ ਪ੍ਰਦਾਨ ਕਰਦਾ ਹੈ
- ਵੈਕਸੀਨ ਸਭ ਤੋਂ ਵਧੀਆ ਤਾਂ ਕੰਮ ਕਰਦੀ ਹੈ ਜਦੋਂ ਇਹ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਦਿੱਤੀ ਜਾਂਦੀ ਹੈ
- ਗ੍ਰੇਡ 6 ਦੇ ਬੱਚਿਆਂ ਨੂੰ ਸੁਰੱਖਿਅਤ ਕਰਨ ਲਈ ਵੈਕਸੀਨ ਦੀਆਂ ਸਿਰਫ਼ 2 ਖੁਰਾਕਾਂ ਦੀ ਲੋੜ ਹੁੰਦੀ ਹੈ। 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ, ਬਾਲਗਾਂ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ ਨੂੰ 3 ਖੁਰਾਕਾਂ ਦੀ ਲੋੜ ਹੁੰਦੀ ਹੈ

### ਐਚ ਪੀ ਵੀ ਕੀ ਹੈ ਅਤੇ ਇਹ ਕਿਸ ਨੂੰ ਹੋ ਸਕਦੀ ਹੈ?

ਐਚ ਪੀ ਵੀ ਇੱਕ ਬਹੁਤ ਹੀ ਆਮ ਵਾਇਰਸ ਹੈ ਜੋ ਚਮੜੀ ਤੋਂ ਚਮੜੀ ਦੇ ਨਜ਼ਦੀਕੀ ਸੰਪਰਕ ਰਾਹੀਂ ਫੈਲਦਾ ਹੈ।ਮੌਖਿਕ, ਜਣਨ ਜਾਂ ਗੁਦਾ ਸੰਪਰਕ ਵਾਲੇ ਕਿਸੇ ਹੋਰ ਵਿਅਕਤੀ ਨਾਲ ਕਿਸੇ ਵੀ ਕਿਸਮ ਦੀ ਜਿਨਸੀ ਗਤੀਵਿਧੀ ਕਰਨ ਵਾਲਾ ਕੋਈ ਵੀ ਵਿਅਕਤੀ ਐਚ ਪੀ ਵੀ ਪ੍ਰਾਪਤ ਕਰ ਸਕਦਾ ਹੈ। ਲਾਗ ਲੱਗਣ ਲਈ ਜਿਨਸੀ ਸੰਬੰਧ ਜ਼ਰੂਰੀ ਨਹੀਂ ਹਨ। ਐਚ ਪੀ ਵੀ ਸਭ ਤੋਂ ਆਮ ਜਿਨਸੀ ਤੌਰ 'ਤੇ ਸੰਚਾਰਿਤ ਲਾਗਾਂ (STIs) ਵਿੱਚੋਂ ਇੱਕ ਹੈ। ਜਿਨਸੀ ਤੌਰ 'ਤੇ ਸਰਗਰਮ 4 ਵਿੱਚੋਂ 3 ਲੋਕ ਜੋ ਕਿ ਗੈਰ-ਇਮਿਊਨਾਈਜ਼ਡ ਹਨ, ਕਿਸੇ ਸਮੇਂ ਐਚ ਪੀ ਵੀ ਪ੍ਰਾਪਤ ਕਰਨਗੇ।

ਬੀ.ਸੀ. ਵਿੱਚ ਹਰ ਸਾਲ ਲਗਭਗ:

- 210 ਲੋਕਾਂ ਨੂੰ ਸਰਵੀਕਲ ਕੈਂਸਰ ਹੋਵੇਗਾ ਅਤੇ 55 ਇਸ ਬਿਮਾਰੀ ਨਾਲ ਮਰ ਜਾਣਗੇ

- 6,000 ਲੋਕ ਬੱਚੇਦਾਨੀ ਦੇ ਮੂੰਹ ਵਿੱਚ ਉੱਚ ਜੋਖਮ ਵਾਲੇ ਬਦਲਾਅ ਵਿਕਸਿਤ ਕਰਨਗੇ ਜੋ ਕਿ ਪ੍ਰੀਕੈਂਸਰਸ ਹਨ
- 135 ਲੋਕਾਂ ਨੂੰ ਗੁਦਾ ਦਾ ਕੈਂਸਰ ਹੋਵੇਗਾ ਅਤੇ 20 ਇਸ ਬਿਮਾਰੀ ਨਾਲ ਮਰ ਜਾਣਗ
- 5,500 ਲੋਕਾਂ ਨੂੰ ਜਣਨ ਅੰਗਾਂ ਦੇ ਮੱਸੇ ਵਿਕਸਿਤ ਹੋਣਗੇ

ਲੋਕ ਸਭ ਤੋਂ ਵਧੀਆ ਢੰਗ ਨਾਲ ਤਾਂ ਸੁਰੱਖਿਅਤ ਹੁੰਦੇ ਹਨ ਜਦੋਂ ਉਹ ਜਿਨਸੀ ਤੌਰ 'ਤੇ ਸਰਗਰਮ ਹੋਣ ਤੋਂ ਪਹਿਲਾਂ ਐਚ ਪੀ ਵੀ ਵੈਕਸੀਨ ਲਗਵਾਉਂਦੇ ਹਨ। ਇਹ ਵੈਕਸੀਨ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੇ ਲਗਭਗ 100 ਪ੍ਰਤੀਸ਼ਤ ਕੇਸਾਂ ਅਤੇ ਵੈਕਸੀਨ ਦੁਆਰਾ ਕਵਰ ਕੀਤੀਆਂ ਗਈਆਂ ਐਚਪੀਵੀ ਕਿਸਮਾਂ ਦੇ ਕਾਰਨ ਹੋਣ ਵਾਲੇ ਜਣਨ ਅੰਗਾਂ ਦੇ 90 ਪ੍ਰਤੀਸ਼ਤ ਤੋਂ 100 ਪ੍ਰਤੀਸ਼ਤ ਮਾਮਲਿਆਂ ਨੂੰ ਰੋਕਦੀ ਹੈ।

## ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਅਤੇ ਸੋਜ ਸ਼ਾਮਲ ਹੋ ਸਕਦੇ ਹਨ।ਸਿਰਦਰਦ ਅਤੇ ਬੁਖਾਰ ਵੀ ਵਾਪਰ ਸਕਦਾ ਹੈ।

ਵੈਕਸੀਨ ਪ੍ਰਤੀ ਗੰਭੀਰ ਪ੍ਰਤੀਕਰਮ ਬਹੁਤ ਘੱਟ ਹੁੰਦੇ ਹਨ। 15 ਸਾਲਾਂ ਤੋਂ ਵੱਧ ਵੈਕਸੀਨ ਸੁਰੱਖਿਆ ਨਿਗਰਾਨੀ ਨੇ ਦਿਖਾਇਆ ਹੈ ਕਿ੍ਰਫਤ ਵੈਕਸੀਨ ਸੁਰੱਖਿਅਤ ਹੈ। ਦੁਨੀਆ ਭਰ ਵਿੱਚ ਵੈਕਸੀਨ ਦੀਆਂ 200 ਮਿਲੀਅਨ ਤੋਂ ਵੱਧ ਖੁਰਾਕਾਂ ਸੁਰੱਖਿਅਤ ਢੰਗ ਨਾਲ ਦਿੱਤੀਆਂ ਗਈਆਂ ਹਨ।

> ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ।ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰੇਏ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਐਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ।ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ।ਐਮਰਜੈਂਸੀ ਇਲਾਜ ਵਿੱਚ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ ਸ਼ਾਮਲ ਹੈ।ਜੇ ਅਜਿਹੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਇੰਨਾਂ ਵਾਸਤੇ ਵੈਕਸੀਨ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ:

- ਉਹ ਲੋਕ ਜਿਨ੍ਹਾਂ ਨੂੰ ਵੈਕਸੀਨ ਦੀ ਪਿਛਲੀ ਖੁਰਾਕ, ਜਾਂ ਯੀਸਟ ਸਮੇਤ ਵੈਕਸੀਨ ਦੇ ਕਿਸੇ ਵੀ ਹਿੱਸੇ ਲਈ ਜਾਨਲੇਵਾ ਐਲਰਜੀ ਵਾਲੀ ਪ੍ਰਤੀਕ੍ਰਿਆ ਹੋਈ ਹੈ
- ਜੋ ਲੋਕ ਗਰਭਵਤੀ ਹਨ

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬਿਮਾਰੀ ਕਰਕੇ ਬਿਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ।ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ।19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ।ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

## ਹੋਰ ਜਾਣਕਾਰੀ ਲਈ

ਆਪਣੇ ਬੱਚੇ ਨੂੰ ਇਮਯੂਨਾਈਜ਼ੇਸ਼ਨ ਦੇ ਸਕਾਰਾਤਮਕ ਅਨੁਭਵ ਵਿੱਚ ਕਿਵੇਂ ਮਦਦ ਕਰਨੀ ਹੈ ਇਸ ਬਾਰੇ ਸੁਝਾਵਾਂ ਲਈ ਇੱਥੇ ਇਮਯੂਨਾਈਜ਼ਬੀਸੀ 'ਤੇ ਜਾਓ https://immunizebc.ca/children/have-positive-experience/tips-school-age-teens.